**CLASS : 12th (Sr. Secondary)** **Code No. 4932**

**Series : SS-M/2020**

ਰੋਲ ਨੰ. | | | | | | | | | | |

***SET : C***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖਿਆ **8** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਲੋੜਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਾ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

downloaded from StudentSuvidha.com



Download all

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਦੇਖਾਗਾਂ ਪਰਕਿਸ ਤਰ੍ਹਾਂ ਸੋਹਣਾ ਇਹ ਮਹਿਲ

ਮੈਨੂੰ ਉਹਲਾ ਦੇਣ ਤੋਂ ਕਰਦਾ ਹੈ ਨਾਂਹ

ਵਿੱਚ ਸਿਆਲੇ ਕਿਸ ਤਰ੍ਹਾਂ ਦੇਦਾ ਨ ਨਿੱਘ

ਵਿੱਚ ਹੁਨਾਲੇ ਕਿਸ ਤਰ੍ਹਾਂ ਨ ਛਾਂ

ਕਿੱਦਾ ਸੋਨਾ ਪਾਇਆ ਸਜਦਾ ਨਹੀਂ

ਕਿੱਦਾ ਰੇਸ਼ਮ ਕੱਜਿਆ ਫਬਦਾ ਨਹੀਂ

(ਅ) ਮੱਥੇ ਉਤੇ ਮੌਤ ਦਸ਼ਖਤ ਕਰ ਗਈ ਹੈ

ਚਿਹਰੇ ਉਤੇ ਯਾਰ ਪੈੜਾਂ ਛੱਡ ਗਏ ਨੇ

ਸ਼ੀਸ਼ੇ ਵਿੱਚੋਂ ਹੋਰ ਕੋਈ ਝਾਕਦਾ ਹੈ

ਅੱਖਾਂ ਵਿੱਚ ਕੋਰੀ ਲਿਸ਼ਕ ਹੈ

ਕਿਸੇ ਢਠੇ ਘਰ ਦੀ ਛਤ 'ਚੋਂ

ਆਉਦੀਂ ਹੋਈ ਲੋਅ ਜੇਹੀ।



downloaded from StudentSuvidha.com

Download all NOTE

**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਪਸ਼ੂ ਚਰਦੇ

(ਅ) ਮੇਰਾ ਬਚਪਨ

(ੲ) ਆਪਣਾ-ਆਪਣਾ ਸੂਰਜ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਜਾਇਦਾਦ' ਕਵਿਤਾ ਵਿੱਚ ਆਸਕ ਦ੍ਰਿੜ੍ਹਤਾ ਨਾਲ ਕੀ ਸੋਚਦਾ ਹੈ? 2

(ਅ) ਫਲੀਅਰ, ਸੇਰ, ਬਘਿਆੜ ਵੱਖੋ-ਵੱਖੋ ਕਿਸ ਭੈ ਦੇ ਪ੍ਰਤੀਕ ਹਨ? 2

(ੲ) ਕਵਿਤਾ 'ਰਾਧਾ ਸੰਦੇਸ' ਵਿੱਚ ਸ਼੍ਰੀ ਕ੍ਰਿਸ਼ਨ ਜੀ ਰਾਧਾ ਨੂੰ ਗਿਆਨ ਉਪਦੇਸ ਕਿਸ ਰਾਹੀ ਘੱਲਦੇ ਹਨ? 1

(i) ਰਾਜਾ ਕੰਸ ਰਾਹੀ

(ii) ਊਧੋ ਰਾਹੀ

(iii) ਸੀਤਾ ਰਾਹੀ

(iv) ਰਾਣਾ ਪ੍ਰਤਾਪ ਰਾਹੀ

(ਸ) 'ਕੰਡਿਆਲੀ ਥੋਰ੍ਹ' ਕਵਿਤਾ ਵਿੱਚ ਥੋਰ੍ਹ ਕਿਸ ਦਾ ਪ੍ਰਤੀਕ ਹੈ? 1

(i) ਦੁੱਖ ਭੋਗਦੇ ਬੇ-ਕਸੂਰ ਮਨੁੱਖ ਦਾ

(ii) ਸਾਧੂ ਬੰਦੇ ਦਾ

(iii) ਸਾਮਾਜਿਕ ਵਿਵਸਥਾ ਦੇ ਕਹਿਰ ਦਾ

(iv) ਕੰਡਿਆਲੇ ਜੀਵਨ ਦਾ



downloaded from StudentSuvidha.com
Download all N... ...entSuvidha.com

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ : 7

(ੳ) ਮਲਕ ਭਾਗੋ ਤੇ ਭਾਈ ਲਾਲੋ

(ਅ) ਪਿਆਰ

(ੲ) ਸੁਇਟਜ਼ਰਲੈਂਡ ਦੀ ਯਾਤਰਾ

**5.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਲੋਕ-ਗੀਤਾਂ ਦੇ ਭੰਡਾਰ ਨੂੰ ਸੰਭਾਲਣ ਦੀ ਕਿਉ ਜਰੂਰਤ ਹੈ? 3

(ਅ) "ਇਹ ਕਹਿਣਾ ਕਿਉਂ ਠੀਕ ਹੈ," ਅਗਿਆਨਤਾ ਵਿੱਚ ਹੀ ਬਰਕਤ ਹੈ? 2

(ੲ) 'ਘਰ ਵਿੱਚ ਹੀ ਰੁਰਿਆਈ' ਲੇਖ ਦੇ ਅੰਤ ਵਿੱਚ ਲੇਖਕ ਕੀ ਸਿੱਟਾ ਕੱਢਦਾ ਹੈ? 2

(ਸ) ਸਾਡੇ ਲੋਕ-ਗੀਤ ਨਿਬੰਧ ਦਾ ਲੇਖਕ ਕੌਣ ਹੈ? 1

(i) ਭਾਈ ਵੀਰ ਸਿੰਘ

(ii) ਪ੍ਰਿੰ. ਤੇਜਾ ਸਿੰਘ

(iii) ਪ੍ਰੋ. ਪੂਰਨ ਸਿੰਘ

(iv) ਪ੍ਰਿੰ. ਸੁਜਾਨ ਸਿੰਘ

**6.** 'ਸ਼ੋਭਾ ਸ਼ਕਤੀ' ਨਾਟਕ ਵਿੱਚ ਕਿਸ ਸਮੱਸਿਆ ਨੂੰ ਪੇਸ ਕੀਤਾ ਗਿਆ ਹੈ? 7

**ਜਾਂ**

ਦੀਨ ਦਿਆਲ ਕਪੂਰ ਜਾਂ ਲੀਲਾ ਵਿੱਚੋ ਕਿਸੇ ਇੱਕ ਦਾ ਪਾਤਰ ਚਿਤਰਣ ਕਰੋਂ?



downloaded from StudentSuvidha.com

Download all NOTES and PAPERS at StudentSuvidha.com

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਤੀਜਾ ਨਾਟ ਅਰੰਭ ਹੋਣ ਤੇ ਪਹਿਲੀ ਰਾਤ ਨੂੰ ਕੰਵਲ ਨੇ ਆਪਣੀ ਮਾਂ ਸ਼ੋਭਾ ਨੂੰ ਕੀ ਕਿਹਾ ਸੀ ? 3

(ਅ) ਮੁਨਸ਼ੀ ਸਤੀਸ ਨੂੰ ਸ਼ੋਭਾ ਤੇ ਰਮੇਸ ਬਾਰੇ ਕੀ ਦੱਸਦਾ ਹੈ ? 2

(ੲ) ਸ਼ੋਭਾ ਕਿਸ ਨਾਲ ਪਿਆਰ ਵਿਆਰ ਕਰਨ ਦਾ ਫੈਸ਼ਲਾ ਕਰਦੀ ਹੈ। ਕਿਉਂ ? 2

(ਸ) ਸ਼ੋਭਾ ਸ਼ਕਤੀ ਨਾਟਕ ਦਾ ਨਾਇਕ ਕੌਣ ਹੈ ? 1

(i) ਦੀਨ ਦਿਆਲ ਕਪੂਰ

(ii) ਰਮੇਸ

(iii) ਸ਼ਤੀਸ ਕਪੂਰ

(iv) ਮੁਨਸ਼ੀ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ

(ਅ) ਦਮੋਦਰ



downloaded from StudentSuvidha.com
Download all NOTES and PAPERS at StudentSuvidha.com

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

(i) ਕਿਸ ਕਵੀ ਨੂੰ ਪੰਜਾਬੀ ਦਾ ਵਰਡਜ਼ਵਰਥ ਕਿਹਾ ਜਾਂਦਾਂ ਹੈ? 1

(ੳ) ਭਾਈ ਵੀਰ ਸਿੰਘ

(ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਮੋਹਨ ਸਿੰਘ

(ਸ) ਸਿਵ ਕੁਮਾਰ

(ii) ਪੰਜਾਬੀ ਵਿੱਚ ਖੁੱਲੀ ਕਵਿਤਾ ਲਿਖਣ ਦਾ ਅਰੰਭ ਕਿਸ ਨੇ ਕੀਤਾ। 1

(ੳ) ਭਾਈ ਵੀਰ ਸਿੰਘ

(ਅ) ਪ੍ਰੋ. ਪੂਰਨ ਸਿੰਘ

(ੲ) ਅੰਮ੍ਰਿਤਾ ਪ੍ਰੀਤਮ

(ਸ) ਪਾਸ਼

(iii) ‘ਏਸੀਆ ਦਾ ਚਾਨਣ’ ਮਹਾਕਾਵਿ ਕਿਸ ਦੀ ਰਚਨਾ ਹੈ? 1

(ੳ) ਭਾਈ ਵੀਰ ਸਿੰਘ

(ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਮੋਹਨ ਸਿੰਘ

(ਸ) ਅੰਮ੍ਰਿਤਾ ਪ੍ਰੀਤਮ

downloaded from StudentSuvidha.com



Download all NOTES and PAPERS at StudentSuvidha.com

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਆਈ. ਸੀ. ਨੰਦਾ ਦਾ ਪੂਰਾ ਨਾਂ ਦੱਸੋ?

(ਅ) ਬਲਵੰਤ ਗਾਰਗੀ ਦਾ ਜਨਮ ਕਦੋਂ ਹੋਇਆ?

(ੲ) 'ਸਵਾਲ ਜਵਾਬ' ਕਹਾਣੀ ਸੰਗ੍ਰਹਿ ਕਿਸ ਦਾ ਹੈ?

(ਸ) 'ਲਹੂ ਮਿੱਟੀ' ਨਾਵਲ ਦਾ ਲੇਖਕ ਕੌਣ ਹੈ?

(ਹ) 'ਸ਼ੋਭਾ ਸ਼ਕਤੀ' ਨਾਟਕ ਦੇ ਲੇਖਕ ਦਾ ਨਾਂ ਦੱਖੋ।

(ਕ) ਪ੍ਰਿੰ: ਤੇਜਾ ਸਿੰਘ ਨੂੰ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ?

(ਖ) 'ਪਿਆਰ ਕਬਜਾ ਨਹੀ ਪਹਿਚਾਣ ਹੈ' ਦੇ ਸਿਧਾਂਤ ਅਨੁਸਾਰ ਕਿਸ ਨੇ ਲਿਖਿਆ?

(ਗ) ਅੰਮ੍ਰਿਤਾ ਪ੍ਰੀਤਮ ਨੂੰ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ?

(ਘ) ਪੰਜਾਬੀ ਵਿੱਚ ਜੌਹਨ ਕੀਟਸ ਦੀ ਉਪਾਧੀ ਕਿਸ ਕਵੀ ਨੂੰ ਮਿਲੀ ਹੈ?

(ਙ) ਸੰਤ ਕਵੀ ਕਿਸ ਨੂੰ ਕਿਹਾ ਜਾਂਦਾ ਹੈ?

downloaded from StudentSuvidha.com

**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋ ਕਿਸੇ ***ਇੱਕ*** ਤੇ ਸਿੱਖਿਆ-ਦਾਇਕ ਕਹਾਣੀ ਲਿਖੋ : 5

(ੳ) ਦੂਜਿਆ ਦੀਆਂ ਗੱਲਾਂ ਵਿੱਚ ਨਾ ਆਓ

(ਅ) ਸਹਿਜ ਪੱਕੇ ਸੋ ਮੀਠਾ ਹੋਏ



Download all NOTES and PAPERS at StudentSuvidha.com

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਮੁੜ ਲਿਖੋ : 5

ਘਰ ਪਰਿਵਾਰ ਤੋਂ ਇਲਾਵਾ ਸਮਾਜ ਵਿੱਚ ਵਿਚਰਦਿਆਂ ਸਾਡੇ ਕੋਲੋਂ ਅਨੇਕਾਂ ਗਲਤੀਆਂ ਹੋ ਜਾਂਦਿਆਂ ਹਨ। ਕਵੀ ਵਾਰ ਛੋਟੀਆਂ-ਛੋਟੀਆਂ ਤਕਰਾਰਾਂ ਵੀ ਹੋ ਜਾਂਦੀਆਂ ਹਨ। ਕੋਈ ਅਜਿਹੀ ਗੱਲ ਜਾ ਤਕਰਾਰ ਕਿਸੇ ਦਾ ਦਿੱਲ ਵੀ ਦੁੱਖਾ ਦਿੰਦੀ ਹੈ। ਅਜਿਹੀ ਗੱਲ ਵਰ੍ਹਿਆ ਤੱਕ ਅਣਬਣ ਦਾ ਕਾਰਨ ਬਣੀ ਰਹਿੰਦੀ ਹੈ। ਮੰਨ ਲਉ ਜੇਕਰ ਸਾਡੇ ਕੋਲੋ ਅਜਿਹਾ ਕੁੱਝ ਹੋ ਵੀ ਜਾਂਦਾ ਹੈ ਤਾਂ ਸਾਨੂੰ ਆਪਣੀ ਗਲਤੀ ਸਵੀਕਾਰ ਕਰ ਲੈਣ ਵਿੱਚ ਕਿਸੇ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ਤੇ ਸਾਨੂੰ ਉਸ ਦੀ ਮੁਆਫ਼ੀ ਮੰਗ ਲੈਣੀ ਚਾਹੀਦੀ ਹੈ। ਗਲਤੀ ਨੂੰ ਮੰਨਣਾ ਸ਼ਿਸ਼ਟਾਚਾਰ ਦਾ ਇੱਕ ਹਿੱਸਾ ਹੈ। ਕਈ ਵਾਰ ਅਸੀਂ ਗਲਤੀ ਕਰਨ ਤੋਂ ਬਾਦ ਮਾਫੀ ਮੰਗਣ ਤੋਂ ਇਨਕਾਰੀ ਹੋ ਜਾਂਦੇ ਹਾਂ ਕਿਉਕਿ ਅਸੀ ਇਸ ਨੂੰ ਆਪਣੀ ਅਣਖ ਨਾਲ ਜੋੜ ਲੈਂਦੇ ਹਾਂ। ਦੇਖਿਆ ਜਾਵੇ ਤਾਂ ਮੁਆਫ਼ੀ ਮੰਗਣ ਨਾਲ ਸਾਡੀ ਅਣਖਨਹੀ ਘਟਦੀ ਸਗੋ ਸਾਡਾ ਵਿਅਕਤੀਤੱਵ ਉਜ਼ਾਗਰ ਹੁੰਦਾ ਹੈ ਅਤੇ ਕਈ ਵਾਰੀ ਆਉਣ ਵਾਲੀਆਂ ਮੁਸੀਬਤਾਂ ਤੋਂ ਸਾਡਾ ਬਚਾਅ ਹੋ ਸਕਦਾ ਹੈ। ਛੋਟੇ ਮਸਲੇ ਵੱਡੇ ਨਹੀਂ ਬਣਦੇ ਤੇ ਅਸੀਂ ਤਨਾਅ ਮੁਕਤ ਰਹਿੰਦੇ ਹਾਂ।

downloaded from StudentSuvidha.com



Download all NOTES ... .com